**ਮਾਡਲ ਪ੍ਰਸ਼ਨ ਪੱਤਰ**

**ਜਮਾਤ : ਨੌਵੀਂ**

**ਵਿਸ਼ਾ : ਪੰਜਾਬੀ**

**ਕੋਡ : 037** **ਸੈਸ਼ਨ : 2025-26**

**ਸਮਾਂ : ਤਿੰਨ ਘੰਟੇ** **ਕੁਲ ਅੰਕ : 80**

**ਪੇਪਰ : ਸਲਾਨਾ**

**ਭਾਗ (ੳ)**

1. ਹੇਠ ਲਿਖੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :

ਜਿਵੇਂ ਮਨੁੱਖੀ ਸਰੀਰ ਨੂੰ ਤੰਦਰੁਸਤ ਰੱਖਣ ਲਈ ਸੰਤੁਲਿਤ ਭੋਜਨ ਦੀ ਲੋੜ ਹੁੰਦੀ ਹੈ, ਇਸੇ ਤਰ੍ਹਾਂ ਮਾਨਸਿਕ ਤੰਦਰੁਸਤੀ ਲਈ ਗਿਆਨ ਦੀ ਜਰੂਰਤ ਹੁੰਦੀ ਹੈ। ਇਹ ਗਿਆਨ ਸਾਨੂੰ ਮਾਪਿਆਂ, ਅਧਿਆਪਕਾਂ ਜਾਂ ਫਿਰ ਪੁਸਤਕਾਂ ਤੋਂ ਪ੍ਰਾਪਤ ਹੁੰਦਾ ਹੈ। ਲਾਇਬ੍ਰੇਰੀ ਵਿੱਚ ਅਲੱਗ-ਅਲੱਗ ਵਿਸ਼ਿਆਂ ਨਾਲ ਸੰਬੰਧਿਤ ਪੁਸਤਕਾਂ ਵਿਸ਼ੇਸ਼ ਤਰਤੀਬ ਨਾਲ ਰੱਖੀਆਂ ਹੁੰਦੀਆਂ ਹਨ। ਸਾਡੇ ਦੇਸ਼ ਵਿੱਚ ਲਾਇਬ੍ਰੇਰੀ ਦੀ ਪਰੰਪਰਾ ਬਹੁਤ ਪੁਰਾਣੀ ਹੈ। ਭਾਰਤ ਦੀਆਂ ਨਾਲੰਦਾ ਅਤੇ ਤਕਸ਼ਿਲਾ ਯੂਨੀਵਰਸਿਟੀਆਂ ਦੀਆਂ ਲਾਇਬ੍ਰੇਰੀਆਂ ਪੂਰੀ ਦੁਨੀਆਂ ਵਿੱਚ ਪ੍ਰਸਿੱਧ ਸਨ।

(ੳ) ਮਾਨਸਿਕ ਤੰਦਰੁਸਤੀ ਦਾ ਗਿਆਨ ਕਿੱਥੋਂ ਮਿਲਦਾ ਹੈ? 2

(ਅ) ਸਾਡੇ ਦੇਸ਼ ਵਿੱਚ ਕਿਸ ਦੀ ਪਰੰਪਰਾ ਪੁਰਾਣੀ ਹੈ? 2

(ੲ) ਢੁੱਕਵਾਂ ਸਿਰਲੇਖ ਲਿਖੋ। 1

2. ਬਹੁਵਿਕਲਪੀ ਪ੍ਰਸ਼ਨ :

(i) 'ਕਿਹੜਾ ਰੌਲਾ ਪਾਉਂਦਾ ਹੈ?' ਵਾਕ ਵਿੱਚ 'ਕਿਹੜਾ' ਸ਼ਬਦ ਪੜਨਾਂਵ ਹੈ- 1

(ੳ) ਪੁਰਖਵਾਚਕ (ਅ) ਨਿੱਜਵਾਚਕ

(ੲ) ਨਿਸ਼ਚੇਵਾਚਕ (ਸ) ਪ੍ਰਸ਼ਨਵਾਚਕ

(ii) 'ਘੋੜਾ' ਸ਼ਬਦ ਦਾ ਇਸਤਰੀ ਲਿੰਗ ਕਿਹੜਾ ਹੈ? 1

(ੳ) ਘੋੜੇ (ਅ) ਘੋੜੂ

(ੲ) ਘੋੜੀ (ਸ) ਘੜੀ

(iii) 'ਕਾਰਕ' ਕਿੰਨੀਆਂ ਕਿਸਮਾਂ ਦੇ ਹੁੰਦੇ ਹਨ? 1

(ੳ) ਚਾਰ (ਅ) ਪੰਜ

(ੲ) ਛੇ (ਸ) ਅੱਠ

(iv) ਕਿਹੜਾ ਸ਼ਬਦ–ਜੋੜ ਸਹੀ ਹੈ? 1

(ੳ) ਜੰਞ (ਅ) ਜੰਜ

(ੲ) ਜੰਙ (ਸ) ਙੰਙ

(v) ਨਾਂਵ ਕਿੰਨੀ ਪ੍ਰਕਾਰ ਦੇ ਹੁੰਦੇ ਹਨ? 1

(ੳ) ਚਾਰ (ਅ) ਪੰਜ

(ੲ) ਛੇ (ਸ) ਸੱਤ

(vi) 'ਘਰ' ਸ਼ਬਦ ਦਾ ਬਹੁ–ਵਚਨ ਰੂਪ ਕਿਹੜਾ ਹੈ? 1

(ੳ) ਘਰੋਂ (ਅ) ਘਰਾਂ

(ੲ) ਘਰੇ (ਸ) ਘੇਰਾਓ

(vii) ਹੇਠ ਲਿਖੇ ਵਾਕਾਂ ਵਿਚੋਂ ਕਿਹੜਾ ਭੂਤਕਾਲ ਵਿੱਚ ਹੈ? 1

(ੳ) ਨਹੀਂ! ਮੈਂ ਨਹੀਂ। (ਅ) ਬੱਚੇ ਖੇਡਣਗੇ।

(ੲ) ਬੱਚੇ ਖੇਡ ਰਹੇ ਹਨ। (ਸ) ਬੱਚੇ ਖੇਡ ਰਹੇ ਸਨ।

(viii) 'ਜੀ ਆਇਆ ਨੂੰ' ਸ਼ਬਦ ਕਿਸ ਪ੍ਰਕਾਰ ਦੇ ਵਿਸਮਿਕ ਹਨ? 1

(ੳ) ਸਤਿਕਾਰਵਾਚਕ (ਅ) ਸ਼ੋਕਵਾਚਕ

(ੲ) ਫਿਟਕਾਰਵਾਚਕ (ਸ) ਪ੍ਰਸੰਸਾਵਾਚਕ

3. ਛੋਟੇ ਉਤਰਾਂ ਵਾਲੇ ਪ੍ਰਸ਼ਨ :-

(i) 'ਵਾਲਾ' ਪਿਛੇਤਰ ਤੋਂ ਇਕ ਸ਼ਬਦ ਬਣਾਓ। 1

(ii) 'ਸਮ' ਅਗੇਤਰ ਲਾ ਕੇ ਸ਼ਬਦ ਬਣਾਓ। 1

(iii) 'ਜਸਬੀਰ ਨੇ ਸੱਪ ਨੂੰ ਮਾਰਿਆ' ਵਾਕ ਵਿੱਚ ਕਰਮ ਕਾਰਕ ਕਿਹੜਾ ਹੈ? 1

(iv) 'ਜ਼ਰੂਰ' ਸ਼ਬਦ ਵਿੱਚ ਕਿਹੜਾ ਕਿਰਿਆ ਵਿਸ਼ੇਸ਼ਣ ਹੈ? 1

(v) ਕਿਰਿਆ ਕਿੰਨੇ ਪ੍ਰਕਾਰ ਦੀ ਹੁੰਦੀ ਹੈ। 1

(vi) ਅਖਾਣ ਪੂਰੀ ਕਰੋ – 1

ਗਿੱਦੜ ਦਾਖ ਨਾ ਅੱਪੜੇ......................।

(vii) ਕਿਸੇ ਇਕ ਮੁਹਾਵਰੇ ਦਾ ਅਰਥ ਦੱਸ ਕੇ ਵਾਕ ਬਣਾਓ : 1

ਦਿਨ ਰਾਤ ਇੱਕ ਕਰਨਾ, ਗਦ–ਗਦ ਹੋਣਾ

4. ਹੇਠ ਲਿਖਿਆਂ ਵਿਸ਼ਿਆਂ ਵਿਚੋਂ ਕਿਸੇ ਇਕ ਵਿਸ਼ੇ ਉੱਤੇ ਦਿੱਤੇ ਹੋਏ ਨੁਕਤਿਆਂ ਦੇ ਆਧਾਰ 'ਤੇ 200 ਸ਼ਬਦਾਂ ਦਾ ਲੇਖ ਲਿਖੋ : 5

ਗੁਰੂ ਨਾਨਕ ਦੇਵ ਜੀ

ਨੁਕਤੇ : ਸਿੱਖ ਧਰਮ ਦੇ ਮੋਢੀ-ਜਨਮ ਤੇ ਮਾਤਾ-ਪਿਤਾ-ਭਾਰਤ ਦੀ ਦੁਰਦਸ਼ਾ ਭਰੀ ਹਾਲਤ - ਵਿੱਦਿਆ, ਵਿਆਹ - ਤੇ ਸੁਲਤਾਨਪੁਰ ਜਾਣਾ - ਵੇਈ ਪ੍ਰਵੇਸ਼ - ਚਾਰ ਉਦਾਸੀਆਂ - ਨਿਡਰ ਦੇਸ਼ ਭਗਤ - ਅੰਤਮ ਸਮਾਂ

ਜਾਂ

ਮੋਬਾਈਲ ਫ਼ੋਨ - ਵਰ ਜਾਂ ਸਰਾਪ

ਨੁਕਤੇ : ਸੰਸਾਰ ਦਾ ਹਰਮਨ ਪਿਆਰਾ ਸਾਧਨ - ਨੌਜਵਾਨ ਵਿੱਚ ਵਧਦਾ ਪ੍ਰਚਲਨ - ਲਾਭ - ਸੰਚਾਰ ਦਾ ਤਟਫਟ ਦਾ ਪੂਰਕ - ਹਾਨੀਆਂ - ਅਸ਼ਲੀਲਤਾ ਦਾ ਪ੍ਰਸਾਰ - ਪੜ੍ਹਾਈ ਦਾ ਨਾਮ - ਸਿਹਤ ਲਈ ਹਾਨੀਕਾਰਕ ਵਾਤਾਵਰਣ ਵਿੱਚ ਖਲਲ - ਸਾਰ ਅੰਸ਼।

ਜਾਂ

ਸਵੇਰ ਦੀ ਸੈਰ

ਨੁਕਤੇ : ਹਰ ਵਿਅਕਤੀ ਲਈ ਲਾਭਦਾਇਕ - ਸਰੀਰਕ ਤੇ ਮਾਨਸਿਕ ਅਰੋਗਤਾ - ਸਰੀਰਕ ਮਸ਼ੀਨ ਦੀ ਸੰਭਾਲ - ਬਿਮਾਰੀਆਂ ਤੋਂ ਬਚਾਅ ਤੇ ਸਰੀਰਕ ਸ਼ਕਤੀਆਂ ਦਾ ਵਾਧਾ - ਸਾਰ-ਅੰਸ਼।

5. ਹੇਠ ਲਿਖੇ ਨੁਕਤਿਆਂ ਦੇ ਆਧਾਰ 'ਤੇ ਕੋਈ ਇਕ ਪੱਤਰ ਲਿਖੋ : 5

ਆਪਣੇ ਨਗਰ–ਪਾਲਿਕਾ ਦੇ ਪ੍ਰਧਾਨ ਨੂੰ ਆਪਣੇ ਘਰ ਦੇ ਨੇੜੇ ਪਈ ਗੰਦਗੀ ਢੇਰ ਨੂੰ ਚੁਕਵਾਉਣ ਲਈ ਬੇਨਤੀ ਕਰੋ।

ਨਕਤੇ : ਆਪਣਾ ਪਤਾ - ਸੰਬੋਧਨ - ਵਿਸ਼ਾ - ਸਮੱਸਿਆ ਬਾਰੇ ਜਾਣੂ ਕਰਵਾਉਣਾ - ਧੰਨਵਾਦ - ਦਸਤਖ਼ਤ।

ਆਪਣੇ ਜ਼ਿਲ੍ਹੇ ਦੇ ਸਿੱਖਿਆ-ਅਧਿਕਾਰੀ ਵੱਲ ਪ੍ਰਾਰਥਨਾ-ਪੱਤਰ ਲਿਖ ਕੇ ਆਪਣੇ ਸਕੂਲ ਵਿੱਚ ਜਲਦੀ ਤੋਂ ਜਲਦੀ ਮੁੱਖ ਅਧਿਆਪਕ ਭੇਜਣ ਦੀ ਬੇਨਤੀ ਕਰੋ।

ਨੁਕਤੇ : ਸੇਵਾ ਵਿਖੇ - ਸੰਬੋਧਨ - ਵਿਸ਼ਾ - ਸਮੱਸਿਆ ਦਾ ਵੇਰਵਾ - ਧੰਨਵਾਦ - ਸਿਰਨਾਵਾਂ।

**ਭਾਗ (ਅ)**

6. ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 3

ਸੁਹਣੀ ਨੇ ਅਸਮਾਨ ਖੜੋਕੇ ਧਰਤੀ ਵਲ ਤਕਾ ਕੇ।
ਇਹ ਮੁੱਠੀ ਖੁਹਲੀ ਤੇ ਸੁਟਿਆ
ਸਭ ਕੁਝ ਹੇਠ ਤਕਾ ਕੇ
ਜਿਸ ਥਾਵੇਂ ਧਰਤੀ ਤੇ ਆ ਕੇ
ਇਹ ਮੁੱਠ ਡਿਗੀ ਸਾਰੀ
ਓਸ ਥਾਉਂ 'ਕਸ਼ਮੀਰ' ਬਣ ਗਿਆ
ਟੁਕੜੀ ਜਗ ਤੋਂ ਨਯਾਰੀ

ਜਾਂ

ਕੇਹੋ ਜਿਹਾ ਸਮਾਂ ਸਾਡੇ ਦੇਸ ਉੱਤੇ ਆਇਆ ਹੈ।
ਆਦਮੀ ਹੀ ਆਦਮੀ ਦੇ ਲਹੂ ਦਾ ਤਿਹਾਇਆ ਹੈ।
ਦਿਲਾਂ ਵਿੱਚ ਲੱਗੀ ਹੋਈ ਅੱਗ ਨੂੰ ਬੁਝਾਈਏ ਅਸੀਂ,
ਇੱਕ ਦੂਜੇ ਉੱਤੋਂ ਅਸੀਂ ਜ਼ਿੰਦ ਜਾਨ ਵਾਰੀਏ।

(ੳ) ਕੌਣ ਕਿਸ ਦੇ ਖ਼ੂਨ ਦਾ ਪਿਆਸਾ ਹੈ?

(ਅ) ਦੇਸ਼ ਵਿੱਚ ਕਿਹੋ ਜਿਹਾ ਸਮਾਂ ਆ ਗਿਆ ਹੈ?

(ੲ) ਸਾਨੂੰ ਇੱਕ ਦੂਜੇ ਨਾਲ ਕਿਸ ਤਰ੍ਹਾਂ ਰਹਿਣਾ ਚਾਹੀਦਾ ਹੈ?

7. ਬਹੁ-ਵਿਕਲਪੀ ਪ੍ਰਸ਼ਨ :

(i) ਸੱਦਾ ਸਿੰਘ ਦੀ ਉਮਰ ਕਿੰਨੀ ਸੀ? 1

(ੳ) 60-62 ਸਾਲਾਂ ਦੀ (ਅ) 51-52 ਸਾਲਾਂ ਦੀ

(ੲ) 40-42 ਸਾਲਾਂ ਦੀ (ਸ) 55-56 ਸਾਲਾਂ ਦੀ

(ii) 'ਸਤੀਆ ਸੇਈ' ਕਹਾਣੀ ਕਿਸ ਦੀ ਰਚਨਾ ਹੈ? 1

(ੳ) ਸੰਤੋਖ ਸਿੰਘ ਧੀਰ (ਅ) ਬਚਿੰਤ ਕੌਰ

(ੲ) ਦਲੀਪ ਕੌਰ ਟਿਵਾਣਾ (ਸ) ਬੰਤ ਸਿੰਘ ਚੱਠਾ

(iii) ਕਲਪਨਾ ਚਾਵਲਾ ਦਾ ਜਨਮ ਕਦੋਂ ਹੋਇਆ? 1

(ੳ) 1 ਜੁਲਾਈ 1961 (ਅ) 1 ਜੁਲਾਈ 1962

(ੲ) 1 ਜੁਲਾਈ 1963 (ਸ) 1 ਜੁਲਾਈ 1964

(iv) ਮਦਨ ਲਾਲ ਢੀਂਗਰਾ ਨੂੰ ਉਸਦੇ ਮਾਪੇ ਕੀ ਬਣਾਉਣਾ ਚਾਹੁੰਦੇ ਸਨ? 1

(ੳ) ਡਾਕਟਰ (ਅ) ਇੰਜੀਨੀਅਰ

(ੲ) ਫ਼ੌਜੀ (ਸ) ਪਾਇਲਟ

8. ਇਕ ਸ਼ਬਦ ਵਿੱਚ ਉੱਤਰ ਦਿਓ : 1X4=4

(i) ਮਨੁੱਖ ਦੇ ਬੁੱਢਾ ਹੋਣ 'ਤੇ ਦੇਹ ਦੀ ਕੀ ਹਾਲਤ ਹੁੰਦੀ ਹੈ?

(ii) ਸਮੇਂ ਦਾ ਸੁਭਾ ਕਿਹੋ ਜਿਹਾ ਹੈ?

(iii) ਬੀਬੋ ਕਿਸ ਦੀ ਭੈਣ ਬਣਦੀ ਹੈ?

(iv) ਸੇਠ ਦਾ ਸਰੀਰ ਕਿਹੋ ਜਿਹਾ ਹੈ?

9. ਛੋਟੇ ਉੱਤਰਾਂ ਵਾਲੇ ਪ੍ਰਸ਼ਨ (ਉੱਤਰ 20-25 ਸ਼ਬਦਾਂ ਵਿੱਚ) 2X5=10

(i) 'ਮਲਟੀ-ਮੀਡੀਆ' ਸ਼ਬਦ ਦੀ ਕਾਢ ਕਿਸ ਨੇ ਕੱਢੀ, ਤੇ ਕਦੋਂ?

(ii) ਮਦਨ ਲਾਲ ਢੀਂਗਰਾ ਦੇ ਕਿੰਨੇ ਭਰਾ ਸਨ?

(iii) ਪੁਲਾੜ ਦੇ ਕਿਹੜੇ ਰਹੱਸ ਦਾ ਭੇਤ ਕਲਪਨਾ ਲਈ ਪ੍ਰੇਰਨਾ-ਸ੍ਰੋਤ ਬਣਿਆ?

(iv) ਕਰਤਾਰ ਸਿੰਘ ਸਰਾਭਾ ਨੂੰ ਫਾਂਸੀ ਦੇਣ ਲਈ ਉਸ ਉਤੇ ਦੀ ਇਲਜ਼ਾਮ ਲਗਾਇਆ ਗਿਆ ਸੀ?

(v) ਗੁਰਬਾਣੀ ਅਨੁਸਾਰ ਸਤੀਆ ਇਸਤਰੀਆਂ ਕੌਣ ਹੁੰਦੀਆਂ ਹਨ?

10. ਛੋਟੇ ਉੱਤਰਾਂ ਵਾਲੇ ਪ੍ਰਸ਼ਨ (ਉੱਤਰ 20-25 ਸ਼ਬਦਾਂ ਵਿੱਚ) 2X4=8

(i) ਗੱਪਬਾਜ ਦੀ ਸਮਾਜ ਵਿੱਚ ਕੀ ਥਾਂ ਹੈ?

(ii) ਕਰਾਟੇ ਦਾ ਕੀ ਅਰਥ ਹੈ?

(iii) ਜੰਡ ਕਿੱਥੇ ਹੁੰਦਾ ਹੈ?

(iv) ਪੰਜਾਬੀ ਦੀਆਂ ਦੋ ਪ੍ਰਸਿੱਧ ਅਖਬਾਰਾਂ ਦੇ ਨਾਂ ਦੱਸੋ।

11. ਵੱਡੇ ਉੱਤਰ ਵਾਲੇ ਪ੍ਰਸ਼ਨ (ਉੱਤਰ 40-50 ਸ਼ਬਦਾਂ ਵਿੱਚ) 3X4=12

(i) 'ਗੁੱਟ ਦਾ ਪੀਰ ਸਰਦਾਰ' ਕਿਸ ਨੂੰ ਕਿਹਾ ਗਿਆ ਹੈ ਤੇ ਕਿਉਂ?

(ii) ਬੁਲੇਟ ਟਰੇਨ ਦੀ ਰਫ਼ਤਾਰ ਬਾਰੇ ਤੁਸੀਂ ਕੀ ਜਾਣਦੇ ਹੋ?

(iii) ਮਨੁੱਖ ਲਈ ਕਿਹੜੀ ਸ਼ੈਅ ਡਰ ਦਾ ਵਿਸ਼ਾ ਬਣੀ ਰਹੀ ਹੈ?

(iv) ਲੇਖਕ ਦੇ ਘਰ ਰਹਿਣ ਵਾਲੇ ਅਤੇ ਬਾਹਰ ਫਿਰਨ ਵਾਲੇ ਵਿਅਕਤੀ ਦੇ ਕੀ ਵਿਚਾਰ ਹਨ?

12. ਵੱਡੇ ਉਤਰ ਵਾਲੇ ਪ੍ਰਸ਼ਨ (ਉੱਤਰ 40-50 ਸ਼ਬਦਾਂ ਵਿੱਚ) 3X3=9

(i) ਪਲ ਭਰ ਦਾ ਗੁੱਸਾ ਜਿੰਦਗੀ ਨੂੰ ਬਰਬਾਦ ਕਰ ਸਕਦਾ ਹੈ। ਇਸ ਤੋਂ ਬਚਣ ਲਈ ਕੀ ਕੁਝ ਕੀਤਾ ਜਾ ਸਕਦਾ ਹੈ?

(ii) ਬਾਬੇ ਬਾਰੂ ਪ੍ਰਤੀ ਉਸ ਦੇ ਪ੍ਰੀਤੂ ਪੁਤਰ ਦਾ ਕਿਹੋ ਜਿਹਾ ਵਿਹਾਰ ਹੈ।

(iii) ਕਿਸ਼ਨ ਕੌਣ ਹੈ ਅਤੇ ਉਹ ਕੀ ਕੰਮ ਕਰਦਾ ਹੈ?